ਕਾਮਰੇਡ ਗੁਰਸ਼ਰਨ ਸਿੰਘ ਨੂੰ ਸ਼ਰਧਾਂਜਲੀ

# 'ਅਸੀਂ ਜ਼ਿੰਦਾ ਹਾਂ'

-ਯੋਧ ਸਿੰਘ

ਤੂੰ ਜਾਗ ਸੈਂ
ਇਕ ਰਾਗ ਸੈਂ
ਸਰਘੀਆਂ
ਦੀ ਭੈਰਵੀ।
ਇਕ ਘੋਲ ਸੈਂ
ਬਸ ਬੋਲ ਸੈਂ
ਨੂਰ ਦਾ ਇਕ
ਭਰਿਆ ਹੋਇਆ
ਡੋਲ ਸੈਂ
ਲੋਕਾਂ ਦੀਆਂ
ਧੜਕਣਾਂ ਦੇ
ਕੋਲ ਸੈਂ।
ਪੈਗ਼ਾਮ ਸੈਂ
ਸੰਗਰਾਮ ਦਾ
ਪੂਰਨਤਾ ਲਈ
ਅਹੁਲ ਰਿਹਾ
ਸੁਪਨਾ ਆਵਾਮ ਦਾ।
ਕਾਲਖਾਂ ਤੇ ਜਬਰ ਨੂੰ
ਕਦੇ ਨਾ ਜੋ
ਪਰਵਾਨਦਾ।
ਮਨੁੱਖਤਾ ਦੇ
ਭਵਿੱਖ ਦੇ,
ਰੂਪ ਤੱਤ ਸਾਰ ਦਾ,
ਪਲ ਪਲ ਜੂਝਦਾ
ਜੁਝਾਰਦਾ
ਮੌਤ ਨੂੰ ਵੰਗਾਰਦਾ

'ਅਸੀਂ ਜ਼ਿੰਦਾ ਹਾਂ'
ਦੇ ਸ਼ਬਦ ਸੰਚਾਰਦਾ
ਨਵੇਂ ਯੁੱਗ ਦੀ
ਨੁਹਾਰ ਦਾ,
ਤੂੰ ਰੂਪ ਰਿਹਾ
ਨਿਖਾਰਦਾ।

ਜਮਹੂਰ ਦੇ
ਦਸਤੂਰ ਦੀ
ਰਹਿਨੁਮਾਈ
ਦੀ ਬਾਂਹ
ਜਿੱਥੇ ਨਾ ਪਹੁੰਚ ਸਕੀ,
ਉੱਥੇ ਤੇਰੀ ਹੀ
ਰਸਾਈ ਸੀ।
ਮੰਨੇ ਕੋਈ ਨਾ ਮੰਨੇ
'ਤੇਰੀ ਭਾਈ ਮੰਨਾਂ ਸਿੰਹਾਂ'
ਆਵਾਜ਼ ਉੱਥੇ
ਛਾਈ ਰਹੀ।

ਗੋਡਿਆਂ ਵਿਚ
ਦਿੱਤੀ ਹੋਈ
ਹਾਰੀ-ਹੁੱਟੀ
ਲੋਕਾਈ ਦੀ
ਸਿੱਧੀ ਹੋ ਗਈ
ਧੌਣ ਸੀ,
ਨਾ ਜੀਭ ਰਹੀ
ਮੌਨ ਸੀ।
ਤੂੰ ਝੁਲਾਈ
ਇਸ ਤਰ੍ਹਾਂ
ਦੀ ਪੌਣ ਸੀ।

ਤੂੰ ਬੋਲ ਸੈਂ,
ਤੂੰ ਘੋਲ ਸੈਂ,
ਸਰਘੀਆਂ ਦੀ
ਭੈਰਵੀ ਦਾ

ਰਾਗ ਸੈਂ
ਤੂੰ ਜਾਗ ਸੈਂ।

ਅਸੀਂ ਸਹੁੰ
ਖਾ ਕੇ ਆਖਦੇ
ਰੁੱਖਾਂ ਦੇ ਨਹੀਂ
ਸੁੱਕੇ ਪੱਤਰੇ
ਅਸੀਂ ਤਾਂ
ਸੰਗਰਾਮਰੱਤ
ਲੋਕਾਈ ਦੇ ਸਦਾਬਹਾਰ
ਵਣ ਦੇ ਹਾਂ ਰੁੱਖੜੇ
ਅਸੀਂ ਜ਼ਿੰਦਾ ਹਾਂ
ਅੜ ਰਹੇ, ਲੜ ਰਹੇ,
ਸੰਗਰਾਮ ਦੇ
ਪਿੜਾਂ ਵਿਚ
ਖੜ੍ਹ ਰਹੇ
ਭਿੜ ਰਹੇ,
ਭੈਰਵੀ ਦੇ,
ਰਾਗ ਬਣ ਕੇ
ਛਿੜ ਰਹੇ
ਸਿਪਾਹੀ ਤੇਰੇ
ਬੋਲ਼ਾਂ ਦੇ ਅਸੀਂ
ਸਿਪਾਹੀ ਤੇਰੇ ਘੋਲਾਂ ਦੇ ਅਸੀਂ
ਅੱਖਰ ਤੇਰੇ
ਬੋਲਾਂ ਦੇ ਅਸੀਂ
ਕਾਲਖਾਂ ਦੇ ਤੱਪੜ
ਰੋਲਾਂਗੇ ਅਸੀਂ
ਆਪਣੇ ਸਵੇਰਿਆਂ
ਦੇ ਭਿੱਤ ਖੋਲ੍ਹਾਂਗੇ ਅਸੀਂ
'ਅਸੀਂ ਜ਼ਿੰਦਾ ਹਾਂ।'